





ਸ਼ਰਧਾਂਜਲੀ ਦਿੰਦੇ ਮੰਤਰੀ ਮਹਿੰਦਰ ਭਗਤ ਬੱਚੀ ਦੀ ਮਾਂ ਲਈ ਨੌਕਰੀ ਦਾ ਐਲਾਨ ਕਰਦੇ ਹੋਏ।

ਸ਼ਰਧਾਂਜਲੀ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਸਾਬਕਾ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਰਜਿੰਦਰ ਬੇਰੀ।

ਭਾਈ ਜਗਤਾਰ ਸਿੰਘ ਖ਼ਾਲਸਾ ਦਾ ਰਾਗੀ ਜਥਾ ਕੀਰਤਨ ਕਰਦਾ ਹੋਇਆ। ਤਸਵੀਰਾਂ : ਮੁਨੀਸ਼

**ਮਾਮਲਾ 13 ਸਾਲਾ ਲੜਕੀ ਦੀ ਹੱਤਿਆ ਦਾ**

# ਜਥੇਦਾਰ ਗੜਗੱਜ ਸਮੇਤ ਅਨੇਕਾਂ ਸ਼ਖ਼ਸੀਅਤਾਂ ਵਲੋਂ ਬੱਚੀ ਨੂੰ ਸ਼ਰਧਾਂਜਲੀਆਂ

## ਮਹਿੰਦਰ ਭਗਤ ਵਲੋਂ ਮ੍ਰਿਤਕਾ ਦੀ ਮਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ

ਜਲੰਧਰ, 27 ਨਵੰਬਰ (ਐੱਮ.ਐੱਸ. ਲੋਹੀਆ)–ਹੱਤਿਆ ਦਾ ਸ਼ਿਕਾਰ ਬਣੀ 13 ਸਾਲਾ ਦੀ ਬੱਚੀ ਨਮਿਤ ਅੱਜ ਅਖੰਡ ਸਾਹਿਬ ਦੇ ਭੋਗ ਪਾਏ ਗਏ ਅਤੇ ਗੁਰਦੁਆਰਾ ਸ਼ਹੀਦ ਬਾਬਾ ਬਚਿੱਤਰ ਸਿੰਘ, ਬਸਤੀ ਮਿੱਠੂ ਵਿਖੇ ਅੰਤਿਮ ਅਰਦਾਸ ਹੋਈ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵਿਸ਼ੇਸ਼ ਤੌਰ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੇ, ਉਨ੍ਹਾਂ ਪਰਿਵਾਰ ਵਲੋਂ ਰੱਖੇ ਗਏ ਅਖੰਡ ਪਾਠ ਦੇ ਭੋਗ ਦੀ ਅਰਦਾਸ ਕੀਤੀ ਅਤੇ ਮੁੱਖ ਵਾਕ ਲਿਆ। ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਖ਼ਾਲਸਾ ਵਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਗਿਆਨੀ ਸਰਬਜੀਤ ਸਿੰਘ ਲੁਧਿਆਣਾ ਵਾਲਿਆਂ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਉਨ੍ਹਾਂ ਬੀਤੇ ਸਮੇਂ ਦੌਰਾਨ ਹੋਈਆਂ ਕਈ ਮੰਦਭਾਗੀਆਂ ਘਟਨਾਵਾਂ ਦਾ ਜ਼ਿਕਰ ਕਰਦੇ ਹੋਏ, ਸਮਾਜ ਦੀ ਨਿਘਰ ਰਹੀ ਸਥਿਤੀ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਸੰਗਤ ਨੂੰ ਆਪਣੇ ਘਰਾਂ ਦੀਆਂ ਬੱਚੀਆਂ-ਬੱਚਿਆਂ ਦੀ ਸੁਰੱਖਿਆ ਪ੍ਰਤੀ ਧਿਆਨ ਦੇਣ 'ਤੇ ਜ਼ੋਰ ਦਿੱਤਾ ਅਤੇ ਉਨ੍ਹਾਂ ਨੂੰ ਘਰ ਤੋਂ ਬਾਹਰ ਭੇਜਣ ਸਮੇਂ ਚੌਕੰਨੇ ਰਹਿਣ ਦੀ ਸਲਾਹ ਦਿੱਤੀ। ਭਾਈ ਸਰਬਜੀਤ ਸਿੰਘ ਨੇ ਸੰਗਤ ਨੂੰ ਅਪੀਲ ਕੀਤੀ ਕਿ ਮੁਲਜ਼ਮ ਦੇ ਪਰਿਵਾਰ ਅਤੇ ਉਸ ਦੀਆਂ ਬੱਚੀਆਂ ਨੂੰ ਸੋਸ਼ਲ ਮੀਡੀਆ 'ਤੇ ਟਰੋਲ ਨਾ ਕੀਤਾ ਜਾਵੇ, ਤਾਂ ਜੋ ਮੁਲਜ਼ਮ ਦੇ ਮਾੜੇ ਕਰਮਾਂ ਦੀ ਸਜ਼ਾ ਉਸ ਦੇ ਪਰਿਵਾਰਕ ਮੈਂਬਰਾਂ ਜਾਂ ਉਸ ਦੀਆਂ ਧੀਆਂ ਨੂੰ ਨਾ ਭੁਗਤਣੀ ਪਵੇ।

• (ਬਾਕੀ ਸਫਾ 6 'ਤੇ)



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਪਾਠ ਦੇ ਭੋਗ ਦੀ ਅਰਦਾਸ ਕਰਦੇ ਹੋਏ।



ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਸਿੰਘ ਸਾਹਿਬ ਭਾਈ ਬਲਵਿੰਦਰ ਸਿੰਘ ਡਾਲੀਕੇ ਅਰਦਾਸ ਕਰਦੇ ਹੋਏ। ਤਸਵੀਰਾਂ : ਮੁਨੀਸ਼

### ਸਰਕਾਰ ਵਲੋਂ ਮੰਤਰੀ ਮਹਿੰਦਰ ਭਗਤ ਨੇ ਕੀਤੇ ਐਲਾਨ

ਸੂਬਾ ਸਰਕਾਰ ਦੀ ਨੁਮਾਇੰਦਗੀ ਕਰਦੇ ਹੋਏ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਨੇ ਜਿੱਥੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਬੱਚੀ ਨੂੰ ਸ਼ਰਧਾਂਜਲੀ ਦਿੱਤੀ, ਉੱਥੇ ਉਨ੍ਹਾਂ ਬੱਚੀ ਦੀ ਮਾਂ ਲਈ ਪੱਕੀ ਸਰਕਾਰੀ ਨੌਕਰੀ ਦਾ ਐਲਾਨ ਵੀ ਕੀਤਾ। ਸ੍ਰੀ ਭਗਤ ਨੇ ਪਰਿਵਾਰਕ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਆਦਮਪੁਰ 'ਚ ਨੌਕਰੀ ਕਰਦੇ ਬੱਚੀ ਦੇ ਭਰਾ ਦਾ ਸ਼ਹਿਰ 'ਚ ਤਬਾਦਲਾ ਕੀਤੇ ਜਾਣ ਅਤੇ ਪਰਿਵਾਰ ਨੂੰ ਆਰਥਿਕ ਮਦਦ ਦਿੱਤੇ ਜਾਣ ਦਾ ਵੀ ਐਲਾਨ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਪੀੜਤ ਪਰਿਵਾਰ ਨੂੰ ਜਲਦ ਇਨਸਾਫ਼ ਦਿਵਾਉਣ ਲਈ ਇਹ ਮਾਮਲਾ ਫਾਸਟ ਟ੍ਰੈਕ ਅਦਾਲਤ 'ਚ ਚਲਾਇਆ ਜਾਵੇਗਾ।

### ਵੱਖ-ਵੱਖ ਬੁਲਾਰਿਆਂ ਨੇ ਦਿੱਤੀ ਸ਼ਰਧਾਂਜਲੀ

ਭਾਈ ਬਰਜਿੰਦਰ ਸਿੰਘ ਪਰਵਾਨਾ, ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ, ਸਾਬਕਾ ਵਿਧਾਇਕ ਰਜਿੰਦਰ ਬੇਰੀ, ਐਡਵੋਕੇਟ ਪੰਕਜ ਸ਼ਰਮਾ ਅਤੇ ਹੋਰਾਂ ਨੇ ਬੱਚੀ ਨੂੰ ਸ਼ਰਧਾਂਜਲੀ ਦਿੱਤੀ। ਭਾਈ ਨਰਿੰਦਰ ਸਿੰਘ ਲੱਖੀ ਖ਼ਾਲਸਾ ਨੇ ਬੱਚੀ ਦੀ ਅੰਤਿਮ ਅਰਦਾਸ 'ਚ ਸ਼ਾਮਿਲ ਹੋਏ ਆਗੂਆਂ ਅਤੇ ਸੰਗਤ ਦਾ ਧੰਨਵਾਦ ਕੀਤਾ।

# ਭਾਰਤ ਨੂੰ ਦੁਨੀਆ ਦੀ ਫੂਡ ਹੱਬ ਵਜੋਂ ਵਿਕਸਿਤ ਕਰਨ ਲਈ ਕਿਸਾਨਾਂ ਦਾ ਸਹਿਯੋਗ ਜ਼ਰੂਰੀ-ਸ਼ਿਵਰਾਜ ਚੌਹਾਨ



ਕੇਂਦਰੀ ਆਲੂ ਖੋਜ ਸੰਸਥਾ ਵਲੋਂ ਵਿਕਸਿਤ ਕੀਤੇ ਬੂਮ ਸਪਰੇਅ ਮਸ਼ੀਨ ਬਾਰੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਜਾਣਕਾਰੀ ਦਿੰਦੇ ਡਾਇਰੈਕਟਰ ਜਨਰਲ ਡਾਕਟਰ ਐਮ. ਐਲ. ਜਾਟ ਨਾਲ ਹਾਜ਼ਰ ਵਿਜੇ ਸਾਂਪਲਾ, ਸੁਨੀਲ ਜਾਖੜ, ਅਸ਼ੋਕ ਸਰੀਨ ਹਿਕੀ ਅਤੇ ਹੋਰ। ਤਸਵੀਰ : ਪਰਮੀਤ ਗੁਪਤਾ

**ਬਾਦਸ਼ਾਹਪੁਰ ਦੇ ਆਲੂ ਫਾਰਮ ਪਹੁੰਚੇ ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਸਾਨਾਂ ਨਾਲ ਕੀਤੀ ਵਿਚਾਰ-ਚਰਚਾ**

ਲਾਂਬੜਾ, 27 ਨਵੰਬਰ (ਪਰਮੀਤ ਗੁਪਤਾ)-ਕੇਂਦਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਆਪਣੇ ਪੰਜਾਬ ਦੌਰੇ ਦੌਰਾਨ ਜਲੰਧਰ ਦੇ ਨਕੋਦਰ ਰੋਡ 'ਤੇ ਸਥਿਤ ਕੇਂਦਰੀ ਆਲੂ ਖੋਜ ਸੰਸਥਾ ਸੀ.ਪੀ.ਆਰ.ਆਈ. ਬਾਦਸ਼ਾਹਪੁਰ ਜਲੰਧਰ ਵਿਖੇ ਐਰਾਪੋਨਿਕ ਤਕਨੀਕ ਨਾਲ ਵਿਕਸਿਤ ਕੀਤੇ ਜਾਂਦੇ ਆਲੂ ਬੀਜ ਦੀ ਲੈਬੋਰਟਰੀ ਦਾ ਨਿਰੀਖਣ ਕਰਨ ਪਹੁੰਚੇ। ਇਸ ਦੌਰਾਨ ਸ਼ਿਵਰਾਜ ਸਿੰਘ ਚੌਹਾਨ ਦਾ ਸਮਾਗਮ 'ਚ ਆਏ ਹੋਏ ਕਿਸਾਨਾਂ ਵਲੋਂ ਕੇਸਰੀ ਪੱਗ ਬੰਨ੍ਹ ਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਕੇਂਦਰੀ ਖੇਤੀਬਾੜੀ ਮੰਤਰੀ ਚੌਹਾਨ ਨੇ ਆਲੂ ਖੋਜ ਕੇਂਦਰ 'ਚ ਆਏ ਹੋਏ ਕਿਸਾਨਾਂ ਨਾਲ ਵਿਚਾਰ-ਚਰਚਾ ਕੀਤੀ। ਕਿਸਾਨਾਂ ਦੇ ਸਵਾਲ ਦੇ ਜਵਾਬ ਦਿੰਦਿਆਂ ਸ੍ਰੀ ਚੌਹਾਨ ਨੇ ਆਖਿਆ ਕਿ ਉਹ ਭਾਰਤ ਨੂੰ ਦੁਨੀਆ ਦੀ ਫੂਡ ਹੱਬ ਵਜੋਂ ਵਿਕਸਤ ਕਰਨਾ ਚਾਹੁੰਦੇ ਹਨ ਜੋ ਕਿ ਕਿਸਾਨਾਂ ਦੇ ਸਹਿਯੋਗ ਬਿਨਾਂ ਸੰਭਵ ਨਹੀਂ ਹੋ ਸਕਦਾ। ਉਨ੍ਹਾਂ ਆਖਿਆ ਕਿ ਇਸ ਲਈ ਕਿਸਾਨਾਂ ਨੂੰ ਖੇਤੀਬਾੜੀ ਲਈ ਨਵੀਆਂ ਤਕਨੀਕਾਂ, ਉੱਤਮ ਕੁਆਲਿਟੀ ਦੇ ਬੀਜ, ਬਿਜਾਈ ਲਈ ਸਮੇਂ ਸਿਰ ਖਾਦ ਅਤੇ ਮੌਸਮ ਦੀ ਸਹੀ ਜਾਣਕਾਰੀ ਮੁਹੱਈਆ ਕਰਵਾਉਣਾ ਉਨ੍ਹਾਂ ਦਾ ਮੁੱਖ ਮਕਸਦ ਹੈ। ਉਨ੍ਹਾਂ ਆਖਿਆ ਕਿ ਦਿੱਲੀ ਦੇ ਮਹਿਲਾਂ ਅਤੇ ਦਫਤਰਾਂ 'ਚ ਰਹਿ ਕੇ ਦੇਸ਼ ਦੀ ਕਿਸਾਨੀ ਨੂੰ ਬਿਹਤਰ ਨਹੀਂ ਕੀਤਾ ਜਾ ਸਕਦਾ ਜੇਕਰ ਦੇਸ਼ ਨੂੰ ਫੂਡ ਹੱਬ ਬਣਾਉਣਾ ਹੈ ਤਾਂ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਦਫਤਰਾਂ 'ਚੋਂ ਬਾਹਰ ਨਿਕਲ ਕੇ ਖੇਤਾਂ ਵਿੱਚ ਜਾਣਾ ਪਵੇਗਾ। ਜਿਸ ਨਾਲ ਸਮੱਸਿਆਵਾਂ ਸਮਝ ਉਨ੍ਹਾਂ ਦੇ ਸੁਧਾਰਾਂ ਲਈ ਸੰਭਾਵੀ ਉਪਰਾਲੇ ਤਲਾਸ਼ੇ ਜਾ ਸਕਣ। ਖੇਤੀਬਾੜੀ ਮੰਤਰੀ ਵਲੋਂ ਕੇਂਦਰੀ ਆਲੂ ਖੋਜ ਸੰਸਥਾ ਬਾਦਸ਼ਾਹਪੁਰ ਵਿਖੇ ਯਾਦਗਾਰ ਬੂਟਾ ਲਗਾਇਆ ਗਿਆ ਅਤੇ ਵਿਭਾਗ ਵਲੋਂ ਨਵੇਂ ਵਿਕਸਿਤ ਕੀਤੇ ਗਏ ਬੂਮ ਸਪਰੇਅ ਮਸ਼ੀਨ ਦਾ ਨਿਰੀਖਣ ਵੀ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸੀ. ਪੀ. ਆਰ. ਆਈ. ਦੇ ਡਾਇਰੈਕਟਰ ਜਨਰਲ ਡਾਕਟਰ ਐਮ.ਐਲ ਜਾਟ, ਸੁਨੀਲ ਜਾਖੜ ਪ੍ਰਧਾਨ ਪੰਜਾਬ ਭਾਜਪਾ, ਵਿਜੇ ਸਾਂਪਲਾ ਸਾਬਕਾ ਕੇਂਦਰੀ ਮੰਤਰੀ, ਸਰਬਜੀਤ ਸਿੰਘ ਮੱਕੜ ਸਾਬਕਾ ਵਿਧਾਇਕ, ਐਡਵੋਕੇਟ ਅਸ਼ੋਕ ਸਰੀਨ ਹਿੱਕੀ, ਸੁਭਾਸ਼ ਸ਼ਰਮਾ ਜ਼ਿਲ੍ਹਾ ਪ੍ਰਧਾਨ, ਹਰਵਿੰਦਰ ਸਿੰਘ ਵਿਰਕ ਜ਼ਿਲ੍ਹਾ ਪੁਲਿਸ ਮੁਖੀ, ਸਰਬਜੀਤ ਰਾਏ ਐਸ.ਪੀ. ਡੀ, ਨਰਿੰਦਰ ਸਿੰਘ ਔਜਲਾ ਡੀ.ਐਸ.ਪੀ. ਕਰਤਾਰਪੁਰ ਤੋਂ ਇਲਾਵਾ ਇਲਾਕੇ ਦੇ ਕਿਸਾਨ ਹਾਜ਼ਰ ਸਨ।

**DIRECT ADMISSION OPEN 2025-26**
**BHAI MATI DASS COLLEGE OF NURSING**
**Vill. Atta Canal Road, Goraya, Distt. Jalandhar**
Application are Invited for Certificate Course (OT Home Based Care, Ambulance Attendent, Hospital-Cum-Home Based Care) On 29 Nov 2025 to 30 Nov, 2025.
**Counselling Will Be Held at College on 10:00AM**
Contact Us-86995-10333, 86995-10222, Email- bmdcong@gmail.com

# ਨਵਜਾਤ ਬੱਚਿਆਂ ਦੀ ਤਸਕਰੀ ਕਰਨ ਵਾਲੇ ਗਰੋਹ ਦੇ 8 ਮੈਂਬਰ ਗ੍ਰਿਫ਼ਤਾਰ, 2 ਫ਼ਰਾਰ

## ਬੱਚੇ ਵੇਚਣ ਤੇ ਖਰੀਦਣ ਵਾਲੇ ਇਸ ਗਰੋਹ 'ਚ 7 ਔਰਤਾਂ ਵੀ ਸ਼ਾਮਿਲ

ਨਕੋਦਰ, 27 ਨਵੰਬਰ (ਤਿਲਕ ਰਾਜ ਸ਼ਰਮਾ, ਗੁਰਵਿੰਦਰ ਸਿੰਘ)-ਥਾਣਾ ਸਦਰ ਪੁਲਿਸ ਨੇ ਨਵਜੰਮੇ ਬੱਚਿਆਂ ਨੂੰ ਵੇਚਣ ਵਾਲੇ 10 ਮੈਂਬਰੀ ਗਰੋਹ 'ਚੋਂ 8 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਇਸ ਗਰੋਹ ਦੇ 2 ਮੈਂਬਰ ਅਜੇ ਫ਼ਰਾਰ ਹਨ। ਬੱਚੇ ਵੇਚਣ ਵਾਲੇ ਇਸ ਗਰੋਹ 'ਚ 7 ਔਰਤਾਂ ਵੀ ਸ਼ਾਮਿਲ ਹਨ। ਡੀ.ਐਸ.ਪੀ. ਨਕੋਦਰ ਸੁਖਪਾਲ ਸਿੰਘ ਨੇ ਪ੍ਰੈੱਸ ਕਾਨਫ਼ਰੰਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਜਗਜੀਤ ਸਿੰਘ ਆਪਣੀ ਮਾਂ ਰਣਜੀਤ ਕੌਰ ਨਾਲ ਗੱਡੀ ਇਨੋਵਾ 'ਚ ਸਵਾਰ ਹੋ ਕੇ ਇਕ ਨਵਜਾਤ ਬੱਚੇ ਨੂੰ ਮੋਗਾ ਸਾਈਡ ਤੋਂ ਖ਼ਰੀਦ ਕੇ ਕਾਲਾ ਸੰਘਿਆ ਸਾਈਡ ਕਿਸੇ ਬੇਔਲਾਦ ਜੋੜੇ ਨੂੰ ਵੇਚਣ ਜਾ ਰਹੇ ਹਨ। ਏ.ਐਸ.ਆਈ. ਅੰਗਰੇਜ਼ ਸਿੰਘ ਨੇ ਸਮੇਤ ਸਾਥੀ ਕਰਮਚਾਰੀਆਂ ਅੱਡਾ ਚੂਹੜ ਵਿਖੇ ਨਾਕਾਬੰਦੀ ਕਰ ਕੇ ਇਨੋਵਾ ਕਾਰ ਨੰਬਰੀ ਪੀ.ਬੀ.-11 ਸੀਸੀ-0717 ਵਿਚੋਂ ਮੁਲਜ਼ਮ ਜਗਜੀਤ ਸਿੰਘ ਪੁੱਤਰ ਰਜਿੰਦਰ ਸਿੰਘ ਅਤੇ ਰਣਜੀਤ ਕੌਰ ਪਤਨੀ ਰਜਿੰਦਰ ਸਿੰਘ ਵਾਸੀਆਨ ਮਨਜੀਤ ਨਗਰ, ਲੁਧਿਆਣਾ ਨੂੰ ਕਾਬੂ ਕਰ ਕੇ ਉਨ੍ਹਾਂ ਪਾਸੋਂ ਖ਼ਰੀਦੋ-ਫ਼ਰੋਖ਼ਤ ਕਰਕੇ ਤਸਕਰੀ ਕੀਤਾ ਜਾ ਰਿਹਾ ਬੱਚਾ ਬਰਾਮਦ ਕੀਤਾ ਗਿਆ। ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕਰ ਕੇ 5 ਦਿਨਾਂ ਦਾ ਰਿਮਾਂਡ ਲਿਆ ਗਿਆ ਤੇ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਦੱਸਿਆ ਕਿ ਉਨ੍ਹਾਂ ਨਾਲ ਨਵਜਾਤ ਬੱਚਿਆਂ ਦੀ ਤਸਕਰੀ ਕਰਨ

• (ਬਾਕੀ ਸਫਾ 6 'ਤੇ)



ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐਸ. ਪੀ. ਸੁਖਪਾਲ ਸਿੰਘ। ਅਜੀਤ ਤਸਵੀਰ



ਮੇਅਰ ਵਨੀਤ ਧੀਰ ਨੂੰ ਵੱਖ-ਵੱਖ ਨੀਂਹ ਪੱਥਰਾਂ ਵਾਲਾ ਪੋਸਟਰ ਦਿਖਾਉਂਦੇ ਹੋਏ ਕੌਂਸਲਰ ਪਵਨ ਕੁਮਾਰ, ਕੌਂਸਲਰ ਬਲਰਾਜ ਠਾਕੁਰ, ਖੇਡ ਪ੍ਰਮੋਟਰ ਸੁਰਿੰਦਰ ਸਿੰਘ ਭਾਪਾ ਤੇ ਮਨਮੋਹਨ ਸਿੰਘ। ਤਸਵੀਰ: ਜੀ. ਪੀ. ਸਿੰਘ

# ਨੀਂਹ ਪੱਥਰਾਂ 'ਤੇ ਨਾਵਾਂ ਨੂੰ ਲੈ ਕੇ ਰੇੜਕਾ-ਕਈ ਇਲਾਕਿਆਂ 'ਚ ਕੰਮ ਪ੍ਰਭਾਵਿਤ

- **ਕਾਂਗਰਸੀ ਕੌਂਸਲਰਾਂ ਨੇ ਮੇਅਰ ਤੇ ਕਮਿਸ਼ਨਰ ਕੋਲ ਚੁੱਕਿਆ ਨੀਂਹ ਪੱਥਰਾਂ 'ਤੇ ਵਾਰਡ ਪ੍ਰਧਾਨਾਂ ਦਾ ਮੁੱਦਾ**

ਜਲੰਧਰ, 27 ਨਵੰਬਰ (ਸ਼ਿਵ )-ਸ਼ਹਿਰ 'ਚ ਵਿਕਾਸ ਦੇ ਕੰਮਾਂ ਲਈ ਲਗਾਏ ਜਾਂਦੇ ਨੀਂਹ ਪੱਥਰਾਂ ਦੇ ਉੱਪਰ ਪ੍ਰਧਾਨਾਂ ਦੇ ਨਾਂਅ ਲਿਖਣ ਦੇ ਰੇੜਕੇ ਕਰਕੇ ਕਈ ਥਾਵਾਂ 'ਤੇ ਕੰਮ ਰੁਕਦੇ ਨਜ਼ਰ ਆ ਰਹੇ ਹਨ ਤੇ ਇਸ ਮਾਮਲੇ ਵਿਚ ਵਿਧਾਇਕ ਪਰਗਟ ਸਿੰਘ ਦੀ ਅਗਵਾਈ 'ਚ ਕਾਂਗਰਸੀ ਕੌਂਸਲਰਾਂ ,ਆਗੂਆਂ ਨਾਲ ਜਲੰਧਰ ਨਗਰ ਨਿਗਮ ਦੇ ਕਮਿਸ਼ਨਰ ਸੰਦੀਪ ਰਿਸ਼ੀ ਅਤੇ ਮੇਅਰ ਵਨੀਤ ਧੀਰ ਨਾਲ ਮੁਲਾਕਾਤ ਕਰਕੇ ਨਾਲੀਆਂ ਗਲੀਆਂ ਵਰਗੇ ਛੋਟੇ ਛੋਟੇ ਕੰਮਾਂ ਦੇ ਉਦਘਾਟਨ ਮੌਕੇ ਲਗਾਏ ਜਾ ਰਹੇ ਵੱਡੇ-ਵੱਡੇ ਨੀਂਹ ਪੱਥਰਾਂ ਅਤੇ ਉਨ੍ਹਾਂ 'ਤੇ ਵਾਰਡ ਪ੍ਰਧਾਨਾਂ ਦੇ ਨਾਵਾਂ ਤੱਕ ਦਾ ਜ਼ਿਕਰ ਕੀਤੇ ਜਾਣ ਦਾ ਮੁੱਦਾ ਚੁੱਕਿਆ ਹੈ। ਨਗਰ ਨਿਗਮ ਦੇ ਕਮਿਸ਼ਨਰ ਨੂੰ ਵੱਖ-ਵੱਖ ਥਾਵਾਂ 'ਤੇ ਛੋਟੇ-ਛੋਟੇ ਕੰਮਾਂ ਦੇ ਰੱਖੇ ਗਏ ਵੱਡੇ-ਵੱਡੇ ਨੀਂਹ ਪੱਥਰਾਂ 'ਤੇ ਉਨ੍ਹਾਂ 'ਤੇ ਹਲਕਾ ਵਿਧਾਇਕ ਦੀ ਥਾਂ ਹਲਕਾ ਇੰਚਾਰਜ ਤੇ

• (ਬਾਕੀ ਸਫਾ 6 'ਤੇ)



ਗਾਜ਼ੀਗੁੱਲਾ ਦੀ ਉਹ ਸੜਕ ਜਿਹੜੀ ਕਿ ਨਾਵਾਂ ਦੇ ਵਿਵਾਦ ਨੂੰ ਲੈ ਕੇ ਰੁਕ ਗਈ ਹੈ। ਤਸਵੀਰ: ਜੀ. ਪੀ. ਸਿੰਘ

